ONTARIO, MONTREAL BRITISH COLUMBIA ਅਤੇ ALBERTA ਵਿੱਚ
ਸਿਕਿਉਰਿਟੀ ਗਾਰਡ, ਡਰਾਈਵਰ, ਪੈਕਿੰਗ ਅਤੇ ਲੇਬਰ ਦੀ ਲੋੜ ਹੈ
ਕੈਨੇਡਿਅਨ ਕੰਪਨੀ ਵੀਜ਼ਾ ਦੀ ਗਾਰੰਟੀ ਲੈ ਰਹਿਆ ਹਨ 100% VISA
ਔਫਰ ਲੈਟਰ 10 ਦਿਨਾਂ ਵਿੱਚ
CIN NO. U73210PB201PTC034
JJ IMMIGRATION & CONSULTANTS SCO 644-645, Sector 34, Chd
86992-27455

ਪੰਜਾਬ ਦੀ ਆਵਾਜ਼

ਅਜੀਤ

ਬਾਨੀ ਸੰਪਾਦਕ (ਸਵ:) ਡਾ. ਸਾਧੂ ਸਿੰਘ ਹਮਦਰਦ *Ajit, Jalandhar* ਜਲੰਧਰ : ਸੋਮਵਾਰ, 13 ਦਸੰਬਰ, 2021 28 ਮੱਘਰ ਨਾਨਕਸ਼ਾਹੀ ਸੰਮਤ 553 (ਸਫ਼ੇ : 12) ਮੁੱਲ : 5.00 ਰੁਪਏ
TRADEMARK AND COPYRIGHT SADHU SINGH HAMDARD TRUST, 2021. ALL RIGHTS RESERVED.
ਜਲੰਧਰ, ਚੰਡੀਗੜ੍ਹ ਅਤੇ ਬਠਿੰਡਾ ਤੋਂ ਪ੍ਰਕਾਸ਼ਿਤ

ਰਜਿ: ਨੰ: PB/JL-138/2021-23 ਜਿਲਦ 66, ਅੰਕ 343 | www.ajitjalandhar.com | www.ajittv.com | Facebook.com/dailyajit | Twitter.com/dailyajitnews | news@ajitpublications.com | ਫ਼ੋਨ : 0181-2455961-62-63, 5032400, ਫੈਕਸ : 2455960

ਕੈਨੇਡਾ Tourist Visa @ Rs. 15,000/-*
10 YEARS MULTIPLE ENTRY VISA
Canada Spouse Dependent Visa Processing Fees Only 25000/-*
Also Apply through RCIC Member for Canada PR
ਯੂ.ਐਸ.ਏ., ਆਸਟ੍ਰੇਲੀਆ ਅਤੇ ਯੂਰੋਪ ਦਾ ਵੀ ਟੂਰਿਸਟ ਵੀਜ਼ਾ
Landmark IMMIGRATION Call or : 90413-90412
F-212, Phase 8-B, Ind. Area, Mohali
BRANCHES: Chandigarh, Amritsar, Jalandhar, Moga, Ludhiana, Bathinda, Vadodara, Canada

Dr. Juneja's EYE Mantra
ਅੱਖਾਂ ਦਾ ਵੀ ਰੱਖੋ ਖਿਆਲ
ਟੀ ਵੀ, ਕੰਪਿਊਟਰ, ਮੋਬਾਈਲ ਆਦਿ ਦਾ ਕਰੋ ਸੁਰੱਖਿਅਤ ਇਸਤੇਮਾਲ
Helpful in: • Eye Strain • Eye Freshness • Eye Tiredness • Eye Dryness • Eye Cleanliness
ਆਈ ਮੰਤਰਾ Ayurvedic Eye Relief Drops
12 ਗੁਣਕਾਰੀ ਆਯੁਰਵੈਦਿਕ ਔਸ਼ਧੀਆਂ ਜਿਵੇਂ ਗੁਲਾਬ, ਤੁਲਸੀ, ਆਂਵਲਾ, ਨਿੰਮ, ਪੁਦੀਨਾ, ਸ਼ਹਿਦ ਆਦਿ ਦੇ ਮਿਸ਼ਰਣ ਤੋਂ ਬਣਿਆ 'ਆਈ ਮੰਤਰਾ' ਆਯੁਰਵੈਦਿਕ ਆਈ ਡਰਾਪ ਅੱਖਾਂ ਵਿਚ ਹੋਣ ਵਾਲੀਆਂ ਸਮੱਸਿਆਵਾਂ ਜਿਵੇਂ ਅੱਖਾਂ ਦੀ ਥਕਾਨ, ਅੱਖਾਂ ਦਾ ਸੁੱਕਾਪਨ, ਅੱਖਾਂ ਉੱਤੇ ਦਬਾਅ ਘੱਟ ਕਰਕੇ ਉਨ੍ਹਾਂ ਨੂੰ ਸਿਹਤਮੰਦ ਅਤੇ ਸ਼ੀਤਲ ਬਣਾਉਣ ਵਿਚ ਸਹਾਇਕ ਹੈ। ਆਯੁਰਵੈਦਿਕ ਹੋਣ ਦੇ ਕਾਰਨ ਇਹ ਸੁਰੱਖਿਅਤ ਹੈ ਅਤੇ ਇਸ ਦਾ ਅੱਖਾਂ ਉੱਤੇ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ।
24x7 Helpline : 8196822222 | www.eyemantra.com | Available at all leading medical stores

ਇੰਡੀਆ ਗੇਟ ਵਿਖੇ ਜੰਗੀ ਪ੍ਰਦਰਸ਼ਨੀ ਦੇਖਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ।

ਅੱਤਵਾਦ ਜ਼ਰੀਏ ਭਾਰਤ ਦੀ ਸ਼ਾਂਤੀ ਭੰਗ ਕਰਨਾ ਚਾਹੁੰਦਾ ਹੈ ਪਾਕਿਸਤਾਨ-ਰਾਜਨਾਥ

1971 ਜੰਗ ਦੀ 50ਵੀਂ ਵਰ੍ਹੇਗੰਢ ਦੇ ਸੰਬੰਧ 'ਚ 'ਸਵਰਨਿਮ ਵਿਜੇ ਪਰਵ' ਸਮਾਗਮ ਨੂੰ ਕੀਤਾ ਸੰਬੋਧਨ

ਨਵੀਂ ਦਿੱਲੀ, 12 ਦਸੰਬਰ (ਪੀ. ਟੀ. ਆਈ.)-ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਅੱਤਵਾਦ ਅਤੇ ਹੋਰ ਦੇਸ਼ ਵਿਰੋਧੀ ਸਰਗਰਮੀਆਂ ਜ਼ਰੀਏ ਭਾਰਤ ਦੀ ਸ਼ਾਂਤੀ ਭੰਗ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੈਨਾਵਾਂ ਨੇ 1971 ਵਿਚ ਪਾਕਿਸਤਾਨ ਦੀਆਂ ਯੋਜਨਾਵਾਂ ਨੂੰ ਨਾਕਾਮ ਕਰ ਦਿੱਤਾ ਸੀ ਅਤੇ ਅਸੀਂ ਪਾਕਿਸਤਾਨ ਵਿਰੁੱਧ ਸਿੱਧੀ ਜੰਗ ਜਿੱਤੀ ਸੀ ਤੇ ਹੁਣ ਉਹ ਪਾਕਿਸਤਾਨ ਵਲੋਂ ਪ੍ਰੇਰਿਤ ਅੱਤਵਾਦ ਵਿਰੁੱਧ ਚੱਲ ਰਹੀ ਅਸਿੱਧੀ ਜੰਗ 'ਚ ਵੀ ਜਿੱਤ ਪ੍ਰਾਪਤ ਕਰੇਗਾ। ਉਨ੍ਹਾਂ ਕਿਹਾ ਕਿ 1971 ਦੀ ਜੰਗ ਨੇ ਦਿਖਾਇਆ ਕਿ ਭਾਰਤ ਦੀ ਵੰਡ ਬਰਤਾਨਵੀ ਸ਼ਾਸਨ ਤੋਂ ਇਸ ਦੀ ਆਜ਼ਾਦੀ ਦੇ ਸਮੇਂ ਇਕ ਧਰਮ ਦੇ ਨਾਂਅ 'ਤੇ ਕੀਤੀ ਇਕ ਇਤਿਹਾਸਕ ਗਲਤੀ ਸੀ। ਰੱਖਿਆ ਮੰਤਰੀ 1971 ਦੀ ਜੰਗ 'ਚ ਪਾਕਿਸਤਾਨ 'ਤੇ ਭਾਰਤ ਦੀ ਜਿੱਤ ਦੀ ਯਾਦ ਵਿਚ ਕਰਵਾਏ ਜਾ ਰਹੇ 'ਸਵਰਨਮ ਵਿਜੇ ਪਰਵ' (ਗੋਲਡਨ ਜੁਬਲੀ ਜਸ਼ਨ) ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ 1971 ਦੀ ਜੰਗ ਦੌਰਾਨ ਭਾਰਤੀ ਹਥਿਆਰਬੰਦ ਬਲਾਂ ਨੇ ਜੋ ਬਹਾਦਰੀ ਦਿਖਾਈ, ਉਹ ਹਰ ਭਾਰਤੀ ਲਈ ਹਮੇਸ਼ਾ ਹੀ ਮਾਣ ਦਾ ਵਿਸ਼ਾ ਰਿਹਾ ਹੈ। ਭਾਰਤੀ ਬਲਾਂ ਨੇ ਜੰਗ ਦੌਰਾਨ ਆਪਣੇ ਵਿਰੋਧੀਆਂ ਦੀਆਂ ਸਾਰੀਆਂ ਯੋਜਨਾਵਾਂ ਨੂੰ ਅਸਫਲ ਕਰ ਦਿੱਤਾ ਸੀ ਅਤੇ ਉਹ ਵਰਤਮਾਨ 'ਚ ਵੀ ਅੱਤਵਾਦ ਦੇ ਖਤਰੇ ਨੂੰ ਜੜ੍ਹੋਂ ਪੁੱਟਣ ਲਈ ਕੰਮ ਕਰ ਰਹੇ ਹਨ। ਅਸੀਂ ਸਿੱਧੀ ਜੰਗ ਜਿੱਤ ਲਈ ਹੈ ਅਤੇ ਮੈਂ ਪੂਰੀ ਤਰ੍ਹਾਂ ਭਰੋਸਾ ਦੇ ਸਕਦਾ ਹਾਂ ਕਿ ਅਸੀਂ ਅਸਿੱਧੇ ਯੁੱਧ ਵੀ ਜਿੱਤਾਂਗੇ। ਇਸ ਤੋਂ

(ਬਾਕੀ ਸਫ਼ਾ 2 ਕਾਲਮ 7)

ਓਮੀਕਰੋਨ ਦੇ 5 ਨਵੇਂ ਮਾਮਲੇ

ਕੁੱਲ ਗਿਣਤੀ 38 ਹੋਈ

ਚੰਡੀਗੜ੍ਹ 'ਚ ਦਿੱਤੀ ਦਸਤਕ

ਚੰਡੀਗੜ੍ਹ/ਬੈਂਗਲੁਰੂ, 12 ਦਸੰਬਰ (ਏਜੰਸੀਆਂ)-ਦੇਸ਼ 'ਚ ਕੋਰੋਨਾ ਦੇ ਨਵੇਂ ਰੂਪ ਓਮੀਕਰੋਨ ਨੂੰ ਲੈ ਕੇ ਖ਼ਾਸ ਚੌਕਸੀ ਵਰਤੀ ਜਾ ਰਹੀ ਹੈ। ਇਸ ਦੇ ਬਾਵਜੂਦ ਓਮੀਕਰੋਨ ਦੇ ਮਾਮਲਿਆਂ 'ਚ ਵਾਧਾ ਜਾਰੀ ਹੈ। ਓਮੀਕਰੋਨ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ, ਦਿੱਲੀ ਅਤੇ 6 ਹੋਰ ਰਾਜਾਂ ਤੱਕ ਪਹੁੰਚ ਗਿਆ ਹੈ। ਐਤਵਾਰ ਨੂੰ ਆਂਧਰਾ ਪ੍ਰਦੇਸ਼, ਕੇਰਲ ਅਤੇ ਚੰਡੀਗੜ੍ਹ 'ਚ ਇਸ ਨਵੇਂ ਰੂਪ ਦੇ ਪਹਿਲੇ ਮਾਮਲੇ ਸਾਹਮਣੇ ਆਏ ਹਨ ਜਦਕਿ ਮਹਾਰਾਸ਼ਟਰ ਅਤੇ ਕਰਨਾਟਕਾ 'ਚ ਵੀ 1-1 ਹੋਰ

(ਬਾਕੀ ਸਫ਼ਾ 2 ਕਾਲਮ 7)

ਕੇਂਦਰ ਨੇ 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਦੇ ਬਜਟ ਦਾ 79 ਫ਼ੀਸਦੀ ਹਿੱਸਾ ਇਸ਼ਤਿਹਾਰਾਂ 'ਤੇ ਖਰਚਿਆ

ਨਵੀਂ ਦਿੱਲੀ, 12 ਦਸੰਬਰ (ਏਜੰਸੀ)-ਕੇਂਦਰ ਸਰਕਾਰ ਨੇ ਆਪਣੇ ਪ੍ਰਮੁੱਖ ਪ੍ਰੋਗਰਾਮ 'ਬੇਟੀ ਬਚਾਓ ਬੇਟੀ ਪੜ੍ਹਾਓ' ਲਈ ਮਿਲੇ ਬਜਟ ਦਾ 79 ਫ਼ੀਸਦੀ ਹਿੱਸਾ ਕੇਵਲ ਇਸ਼ਤਿਹਾਰਾਂ 'ਤੇ ਹੀ ਖਰਚ ਕਰ ਦਿੱਤਾ ਹੈ, ਇਹ ਖੁਲਾਸਾ ਵੀਰਵਾਰ ਨੂੰ ਸੰਸਦ 'ਚ ਇਸ ਸੰਬੰਧੀ ਪੇਸ਼ ਕੀਤੀ ਗਈ ਰਿਪੋਰਟ ਤੋਂ ਹੋਇਆ ਹੈ। ਇਸ ਰਿਪੋਰਟ 'ਚ ਦੱਸਿਆ ਗਿਆ ਹੈ ਕਿ 2016-2019 ਦੌਰਾਨ ਜਾਰੀ ਹੋਏ 446.72

(ਬਾਕੀ ਸਫ਼ਾ 2 ਕਾਲਮ 5)

ਨਵੀਂ ਦਿੱਲੀ ਵਿਖੇ ਲੈਫ: ਕਰਨਲ ਹਰਜਿੰਦਰ ਸਿੰਘ ਦੇ ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੀ ਬੇਟੀ, ਪਤਨੀ ਤੇ ਸੈਨਿਕ ਅਧਿਕਾਰੀ।

ਸ਼ਹੀਦ ਨਾਇਕ ਗੁਰਸੇਵਕ ਸਿੰਘ ਨੂੰ ਸਲੂਟ ਮਾਰ ਕੇ ਅੰਤਿਮ ਵਿਦਾਇਗੀ ਦਿੰਦੀ ਹੋਈ ਉਸ ਦੀ ਪਤਨੀ ਜਸਪ੍ਰੀਤ ਕੌਰ ਅਤੇ ਪੁੱਤਰ ਗੁਰਫਤਿਹ ਸਿੰਘ। ਤਸਵੀਰ-ਜੱਜਪਾਲ ਸਿੰਘ

ਹੈਲੀਕਾਪਟਰ ਹਾਦਸੇ ਦੇ ਮ੍ਰਿਤਕਾਂ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

ਲੈਫ: ਕਰਨਲ ਹਰਜਿੰਦਰ ਸਿੰਘ ਨੂੰ ਰੱਖਿਆ ਮੰਤਰੀ ਤੇ ਤਿੰਨੇ ਸੈਨਾਵਾਂ ਦੇ ਮੁਖੀਆਂ ਵਲੋਂ ਸ਼ਰਧਾਂਜਲੀ

ਨਵੀਂ ਦਿੱਲੀ, 12 ਦਸੰਬਰ (ਏਜੰਸੀ)-ਰੱਖਿਆ ਮੰਤਰੀ ਰਾਜਨਾਥ ਸਿੰਘ, ਰੱਖਿਆ ਰਾਜ ਮੰਤਰੀ ਅਜੇ ਭੱਟ ਅਤੇ ਤਿੰਨਾਂ ਹਥਿਆਰਬੰਦ ਸੈਨਾਵਾਂ ਦੇ ਮੁਖੀਆਂ ਨੇ ਐਤਵਾਰ ਨੂੰ ਲੈਫ: ਕਰਨਲ ਹਰਜਿੰਦਰ ਸਿੰਘ ਨੂੰ ਅੰਤਿਮ ਸ਼ਰਧਾਂਜਲੀ ਭੇਟ ਕੀਤੀ, ਜੋ ਪਿਛਲੇ ਹਫ਼ਤੇ ਤਾਮਿਲਨਾਡੂ ਦੇ ਕੂਨੂਰ ਵਿਖੇ ਹੈਲੀਕਾਪਟਰ ਹਾਦਸੇ 'ਚ ਮਾਰੇ ਗਏ ਸੀ। ਲੈਫ: ਕਰਨਲ ਹਰਜਿੰਦਰ ਸਿੰਘ ਦੇ ਅੰਤਿਮ ਸੰਸਕਾਰ ਤੋਂ ਪਹਿਲਾਂ ਦਿੱਲੀ ਛਾਉਣੀ ਦੇ ਬਰਾੜ ਸੁਕੇਅਰ ਵਿਖੇ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ, ਰੱਖਿਆ ਰਾਜ ਮੰਤਰੀ ਅਜੇ ਭੱਟ, ਫ਼ੌਜ ਮੁਖੀ ਜਨਰਲ ਐਮ.ਐਮ. ਨਰਵਾਣੇ, ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਵਿਵੇਕ ਰਾਮ ਚੌਧਰੀ, ਜਲ ਸੈਨਾ ਮੁਖੀ ਐਡਮਿਰਲ ਆਰ. ਹਰੀ ਕੁਮਾਰ ਅਤੇ ਹੋਰ ਸੈਨਿਕ ਅਧਿਕਾਰੀਆਂ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਮੇਜਰ (ਸੇਵਾਮੁਕਤ) ਅਗਨੇਸ ਪੀ. ਮਨੇਜ਼ੇਸ ਤੇ ਬੇਟੀ ਪ੍ਰੀਤ ਕੌਰ ਨੇ ਸ਼ਰਧਾਂਜਲੀ ਭੇਟ ਕੀਤੀ।

ਲੈਫ: ਕਰਨਲ ਹਰਜਿੰਦਰ ਸਿੰਘ

(ਬਾਕੀ ਸਫ਼ਾ 2 ਕਾਲਮ 1)

ਨਾਇਕ ਗੁਰਸੇਵਕ ਸਿੰਘ ਦੀ ਚਿਖਾ ਨੂੰ ਸਾਢੇ 3 ਸਾਲ ਦੇ ਪੁੱਤਰ ਤੇ ਪਿਤਾ ਨੇ ਵਿਖਾਈ ਅਗਨੀ

ਖਾਲੜਾ, 12 ਦਸੰਬਰ (ਜੱਜਪਾਲ ਸਿੰਘ ਜੱਜ)-ਤਾਮਿਲਨਾਡੂ ਦੇ ਕੰਨੂਰ ਇਲਾਕੇ 'ਚ ਵਾਪਰੇ ਹੈਲੀਕਾਪਟਰ ਹਾਦਸੇ ਵਿਚ ਮਾਰੇ ਗਏ ਨਾਈਨ ਪੈਰਾ ਸਪੈਸ਼ਲ ਫੋਰਸ ਦੇ ਜਵਾਨ ਨਾਇਕ ਗੁਰਸੇਵਕ ਸਿੰਘ ਦੀ ਮ੍ਰਿਤਕ ਦੇਹ ਅੱਜ ਉਨ੍ਹਾਂ ਦੇ ਜੱਦੀ ਗ੍ਰਹਿ ਪਿੰਡ ਦੋਦੇ ਜ਼ਿਲ੍ਹਾ ਤਰਨ ਤਾਰਨ ਵਿਖੇ ਪੁੱਜੀ, ਜਿੱਥੇ ਸਰਕਾਰੀ ਸਨਮਾਨਾਂ ਨਾਲ ਸ਼ਹੀਦ ਦਾ ਅੰਤਿਮ ਸੰਸਕਾਰ ਕੀਤਾ ਗਿਆ। ਭਾਰਤੀ ਫ਼ੌਜ ਦੇ ਜਵਾਨ ਫੁੱਲਾਂ ਨਾਲ ਸ਼ਿੰਗਾਰੇ ਹੋਏ ਟਰੱਕ ਵਿਚ ਜਿਵੇਂ ਹੀ ਸ਼ਹੀਦ ਨਾਇਕ ਗੁਰਸੇਵਕ ਸਿੰਘ ਦੀ ਮ੍ਰਿਤਕ ਦੇਹ ਲੈ ਕੇ ਪਿੰਡ ਦੋਦੇ ਪੁੱਜੇ ਉਥੇ ਪਿੰਡ ਵਿਚ ਹਾਜ਼ਰ ਹਜ਼ਾਰਾਂ ਵਿਅਕਤੀਆਂ ਨੇ ਫੁੱਲਾਂ ਦੀ ਵਰਖਾ ਕਰ ਕੇ ਆਪਣੇ ਪਿੰਡ ਦੇ ਸ਼ਹੀਦ ਜਵਾਨ ਨੂੰ ਸਨਮਾਨ ਦਿੱਤਾ। ਸ਼ਹੀਦ ਨਾਇਕ ਗੁਰਸੇਵਕ ਸਿੰਘ ਅਮਰ ਰਹੇ ਅਤੇ ਭਾਰਤੀ ਫੌਜ ਜ਼ਿੰਦਾਬਾਦ ਦੇ ਆਕਾਸ਼ ਗੁੰਜਾਊ ਨਾਅਰਿਆਂ ਹੇਠ ਗੁਰਸੇਵਕ ਸਿੰਘ ਦੀ ਮ੍ਰਿਤਕ ਦੇਹ

ਸ਼ਹੀਦ ਨਾਇਕ ਗੁਰਸੇਵਕ ਸਿੰਘ

(ਬਾਕੀ ਸਫ਼ਾ 2 ਕਾਲਮ 3)

ਅੰਮ੍ਰਿਤਸਰ 'ਚ ਥਾਣੇਦਾਰ ਵਲੋਂ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

ਅੰਮ੍ਰਿਤਸਰ, 12 ਦਸੰਬਰ (ਰੇਸ਼ਮ ਸਿੰਘ)-ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ ਅਧੀਨ ਪੈਂਦੇ ਇਲਾਕੇ 'ਚ ਇਕ ਥਾਣੇਦਾਰ ਵਲੋਂ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਨੌਜਵਾਨ ਦੀ ਸ਼ਨਾਖਤ ਸੰਜੇ ਕੁਮਾਰ ਵਾਸੀ ਇਸਲਾਮਾਬਾਦ ਵਜੋਂ ਹੋਈ ਹੈ, ਜੋ ਕਿ ਸਾਬਕਾ ਕੌਂਸਲਰ ਦਾ ਪੁੱਤਰ ਹੈ। ਮਿਲੇ ਵੇਰਵਿਆਂ ਅਨੁਸਾਰ ਏ.ਐਸ.ਆਈ. ਰਾਜੇਸ਼ ਓਹਰੀ ਅਤੇ ਮ੍ਰਿਤਕ ਨੌਜਵਾਨ ਇਕ ਗਲੀ 'ਚ ਰਹਿੰਦੇ ਸਨ, ਜਿਨ੍ਹਾਂ ਦਾ ਆਪਸ 'ਚ ਕਿਸੇ ਗੱਲ ਤੋਂ ਤਕਰਾਰ ਚਲਦਾ ਸੀ। ਉਕਤ ਏ.ਐਸ.ਆਈ. ਇਸ ਵੇਲੇ ਥਾਣਾ ਸੁਲਤਾਨਵਿੰਡ ਵਿਖੇ ਤਾਇਨਾਤ ਹੈ। ਜਿਸ ਵਲੋਂ ਦੇਰ ਰਾਤ ਆਪਣੀ ਸਰਵਿਸ ਰਿਵਾਲਵਰ ਨਾਲ ਨੌਜਵਾਨ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ, ਜਿਸ ਨਾਲ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ। ਹੱਤਿਆ ਦੀ ਪੁਸ਼ਟੀ ਕਰਦਿਆਂ ਏ.ਡੀ.ਸੀ.ਪੀ. ਹਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਥਾਣੇਦਾਰ ਖ਼ਿਲਾਫ਼ ਹੱਤਿਆ ਦੇ ਦੋਸ਼ਾਂ ਦਾ ਪਰਚਾ ਦਰਜ ਕਰ ਲਿਆ ਗਿਆ ਹੈ।

ਸੰਜੇ ਕੁਮਾਰ ਦੀ ਪੁਰਾਣੀ ਤਸਵੀਰ।

ਅਗਲੇ ਵਿੱਤੀ ਸਾਲ 'ਚ ਬੈਂਕਾਂ ਨੂੰ ਕੋਈ ਮਾਲੀ ਮਦਦ ਨਹੀਂ ਦੇਵੇਗਾ ਕੇਂਦਰ

ਨਵੀਂ ਦਿੱਲੀ, 12 ਦਸੰਬਰ (ਪੀ. ਟੀ. ਆਈ.)-ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੇਂਦਰ 2022-23 ਦੇ ਵਿੱਤੀ ਸਾਲ ਦੇ ਬਜਟ 'ਚ ਜਨਤਕ ਖੇਤਰ ਦੇ ਬੈਂਕਾਂ (ਪੀ.ਐਸ.ਬੀ.) 'ਚ ਸ਼ਾਇਦ ਹੀ ਪੂੰਜੀ ਨਿਵੇਸ਼ ਦਾ ਕੋਈ ਐਲਾਨ ਕਰੇ। ਸੂਤਰਾਂ ਦਾ ਕਹਿਣਾ ਹੈ ਕਿ ਬੈਂਕਾਂ ਦੇ ਡੁੱਬੇ ਕਰਜ਼ਿਆਂ 'ਚ ਕਮੀ ਆਈ ਹੈ ਅਤੇ ਉਨ੍ਹਾਂ ਦੀ ਵਿੱਤੀ ਹਾਲਤ 'ਚ ਸੁਧਾਰ ਹੋਇਆ ਹੈ, ਇਸ ਲਈ ਬਜਟ ਦੌਰਾਨ ਸਰਕਾਰ ਵਲੋਂ ਜਨਤਕ ਖੇਤਰ ਦੇ ਬੈਂਕਾਂ ਲਈ ਕੋਈ ਵਿੱਤੀ ਮਦਦ ਦਾ ਐਲਾਨ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਸੂਤਰਾਂ ਅਨੁਸਾਰ ਆਪਣੇ ਸਰੋਤਾਂ ਨੂੰ ਵਧਾਉਣ ਲਈ ਬੈਂਕਾਂ ਨੂੰ ਬਾਜ਼ਾਰ ਤੋਂ ਫੰਡ ਇਕੱਠਾ ਕਰਨ ਤੇ ਆਪਣੀਆਂ ਗੈਰਜ਼ਰੂਰੀ ਮੁੱਖ ਸੰਪਤੀਆਂ ਨੂੰ ਵੇਚਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਚਾਲੂ ਵਿੱਤੀ ਸਾਲ ਦੌਰਾਨ ਸਰਕਾਰ ਨੇ ਜਨਤਕ ਖੇਤਰ ਦੇ ਬੈਂਕਾਂ ਦੇ ਲਈ 20,000 ਕਰੋੜ ਰੁਪਏ ਰੱਖੇ ਹੋਏ ਹਨ।

ਮੈਂ ਕਿਸੇ ਪਾਰਟੀ ਨੂੰ ਜਿਤਾਉਣ ਲਈ ਸ਼ੋਅਪੀਸ ਨਹੀਂ ਬਣਾਂਗਾ-ਸਿੱਧੂ

ਕਿਹਾ, ਪੰਜਾਬ ਦੀ ਭਲਾਈ ਲਈ ਜਾਨ ਦੇਣ ਨੂੰ ਤਿਆਰ ਹਾਂ

ਚੰਡੀਗੜ੍ਹ, 12 ਦਸੰਬਰ (ਗੁਰਪ੍ਰੀਤ ਸਿੰਘ ਜਾਗੋਵਾਲ)-ਪੰਜਾਬ ਕਾਂਗਰਸ ਪ੍ਰਧਾਨ ਸ. ਨਵਜੋਤ ਸਿੰਘ ਸਿੱਧੂ ਨੇ ਅੱਜ ਫਿਰ ਵਿਰੋਧੀ ਪਾਰਟੀਆਂ 'ਤੇ ਜੰਮ ਕੇ ਹਮਲਾ ਬੋਲਿਆ। ਸ. ਸਿੱਧੂ ਨੇ ਚੰਡੀਗੜ੍ਹ ਦੇ ਲਾਅ ਭਵਨ 'ਚ ਰੱਖੇ 'ਬੋਲਦਾ ਪੰਜਾਬ' ਪ੍ਰੋਗਰਾਮ 'ਚ ਲੋਕਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਉਨ੍ਹਾਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਅੱਜ ਕੁਝ ਲੋਕ ਨਕਲੀ ਸਿੱਧੂ ਬਣ ਕੇ ਘੁੰਮ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਮਾਡਲ ਦੀ ਗੱਲ ਕਰਨ ਵਾਲੇ ਸਮਝ ਲੈਣ ਕੇ ਦਿੱਲੀ ਮਾਡਲ ਪੰਜਾਬ ਵਿਚ ਲਾਗੂ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਦਿੱਲੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੇ ਸਮੇਂ ਤੋਂ ਸਰਪਲੱਸ ਹੈ ਜਦਕਿ ਪੰਜਾਬ ਕਰਜ਼ੇ

ਚੰਡੀਗੜ੍ਹ ਵਿਖੇ ਗੱਲਬਾਤ ਕਰਦੇ ਹੋਏ ਨਵਜੋਤ ਸਿੰਘ ਸਿੱਧੂ। ਤਸਵੀਰ : ਗੁਰਿੰਦਰ ਸਿੰਘ

(ਬਾਕੀ ਸਫ਼ਾ 2 ਕਾਲਮ 1)

ਕਿਸਾਨਾਂ ਖ਼ਿਲਾਫ਼ ਦਰਜ ਕੇਸਾਂ ਨੂੰ ਵਾਪਸ ਲੈਣ ਦਾ ਫੈਸਲਾ ਸੂਬਾ ਸਰਕਾਰਾਂ ਲੈਣਗੀਆਂ-ਤੋਮਰ

ਗੁਣਾ (ਮੱਧ ਪ੍ਰਦੇਸ਼), 12 ਦਸੰਬਰ (ਪੀ. ਟੀ. ਆਈ.)-ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਕਿਉਂਕਿ ਕਾਨੂੰਨ ਵਿਵਸਥਾ ਰਾਜ ਦਾ ਵਿਸ਼ਾ ਹੈ, ਇਸ ਲਈ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਕੀਤੇ ਗਏ ਕੇਸ ਵਾਪਸ ਲੈਣ ਦਾ ਫੈਸਲਾ ਵੀ ਸੰਬੰਧਤ ਰਾਜ ਸਰਕਾਰਾਂ ਵਲੋਂ ਲਿਆ ਜਾਵੇਗਾ। ਤੋਮਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਸਾਨਾਂ ਵਲੋਂ ਅੰਦੋਲਨ ਵਾਪਸ ਲੈਣ ਦੇ ਫੈਸਲੇ ਦਾ ਵੀ ਸਵਾਗਤ ਕੀਤਾ। ਕਿਸਾਨਾਂ ਦੀਆਂ ਸਰਕਾਰ ਵੱਲ ਮੁੱਖ ਲੰਬਿਤ ਮੰਗਾਂ 'ਚ ਪ੍ਰਦਰਸ਼ਨਕਾਰੀਆਂ ਵਿਰੁੱਧ ਪੁਲਿਸ ਕੇਸ ਵਾਪਸ ਲੈਣ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਦੀ ਗਾਰੰਟੀ ਸ਼ਾਮਿਲ ਹੈ। ਕੇਂਦਰ ਵਲੋਂ ਸੰਯੁਕਤ ਕਿਸਾਨ ਮੋਰਚਾ (ਐਸ. ਕੇ. ਐਮ.) ਨੂੰ ਭੇਜੇ ਗਏ ਪੱਤਰ 'ਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼,



(ਬਾਕੀ ਸਫ਼ਾ 2 ਕਾਲਮ 6)

ਧਰਮ ਤੇ ਵਿਰਸਾ

ਸਫ਼ਾ 11 'ਤੇ ਪੜ੍ਹੋ

ਅੰਮ੍ਰਿਤਸਰ ਦੇ ਪਿੰਡ ਖਤਰਾਏ ਕਲਾਂ ਵਿਖੇ ਪੁੱਜੇ ਕਿਸਾਨਾਂ ਦੇ ਜਥੇ ਦਾ ਸਵਾਗਤ ਕਰਦੇ ਹੋਏ ਪਿੰਡ ਵਾਸੀ। ਅਜੀਤ ਤਸਵੀਰ

ਬਠਿੰਡਾ ਵਿਖੇ ਨੱਚ ਕੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਦਿੱਲੀ ਮੋਰਚੇ ਤੋਂ ਪਰਤੇ ਕਿਸਾਨ।

ਦਿੱਲੀ ਮੋਰਚਿਆਂ ਤੋਂ ਪੰਜਾਬ ਪਰਤੇ ਕਿਸਾਨਾਂ ਦਾ ਭਰਵਾਂ ਸਵਾਗਤ

• ਫੁੱਲਾਂ ਦੀ ਕੀਤੀ ਵਰਖਾ-ਜੇਤੂ ਮਾਰਚ ਕੱਢੇ • ਵੱਖ-ਵੱਖ ਤਰ੍ਹਾਂ ਦੇ ਲਗਾਏ ਲੰਗਰ

ਚੰਡੀਗੜ੍ਹ, 12 ਦਸੰਬਰ (ਏਜੰਸੀ)-ਕੇਂਦਰ ਵਲੋਂ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਤੋਂ ਬਾਅਦ ਅੰਦੋਲਨ ਨੂੰ ਸਮਾਪਤ ਕਰਕੇ ਦਿੱਲੀ ਦੀਆਂ ਸਰਹੱਦਾਂ 'ਤੇ ਧਰਨੇ ਵਾਲੇ ਸਥਾਨਾਂ ਤੋਂ ਆਪਣੇ ਘਰਾਂ ਨੂੰ ਪਰਤ ਰਹੇ ਕਿਸਾਨਾਂ ਦਾ ਪੰਜਾਬ 'ਚ ਥਾਂ-ਥਾਂ ਸ਼ਾਨਦਾਰ ਸਵਾਗਤ ਕੀਤਾ ਜਾ ਰਿਹਾ ਹੈ। ਪਿੰਡਾਂ-ਸ਼ਹਿਰਾਂ ਸਮੇਤ ਹੋਰਨਾਂ ਥਾਂਵਾਂ 'ਤੇ ਜੇਤੂ ਕਾਫਲਿਆਂ ਨਾਲ ਪੁੱਜੇ ਰਹੇ ਕਿਸਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਹੈ। ਦਿੱਲੀ ਤੋਂ ਕਿਸਾਨ ਫ਼ਤਹਿ ਮਾਰਚ ਦੇ ਰੂਪ 'ਚ ਆਪੋ-ਆਪਣੇ ਘਰਾਂ ਨੂੰ ਪਰਤ ਰਹੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਰਾਤ ਦਾ ਠਹਿਰਾਓ ਕਰਨ ਮਗਰੋਂ ਅੱਜ ਕੌਮ ਦੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੋਣ ਤੋਂ ਬਾਅਦ ਫ਼ਤਹਿ ਮਾਰਚ ਦੀ ਅਗਲੇ ਪੜਾਅ ਲਈ ਰਵਾਨਗੀ ਹੋਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡਗ੍ਰੰਥੀ ਗਿਆਨੀ ਹਰਪਾਲ ਸਿੰਘ ਖ਼ਾਲਸਾ ਨੇ ਕਿਸਾਨੀ ਜਿੱਤ ਦੀ ਖ਼ੁਸ਼ੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਸ਼ੁਕਰਾਨੇ ਅਤੇ ਪੰਥ ਦੀ ਚੜ੍ਹਦੀਕਲਾ ਦੀ ਅਰਦਾਸ ਕੀਤੀ। ਟਾਂਡਾ ਅਤੇ ਮੇਹਟੀਆਣਾ ਨੇੜੇ ਚੋਲਾਂਗ ਟੋਲ ਪਲਾਜ਼ਾ ਤੋਂ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਦੇ ਕਾਫਲੇ ਜ਼ਿਲ੍ਹਾ ਹੁਸ਼ਿਆਰਪੁਰ 'ਚ ਪੁੱਜਣ ਤੋਂ ਬਾਅਦ ਜੇਤੂ ਜਲੂਸ ਕੱਢੇ ਗਏ। ਕਿਸਾਨਾਂ ਦਾ ਸਵਾਗਤ ਕਰਨ ਲਈ ਹਰ ਵਰਗ ਦੇ ਲੋਕ ਸਕੂਟਰਾਂ, ਮੋਟਰਸਾਈਕਲਾਂ, ਕਾਰਾਂ, ਜੀਪਾਂ ਤੇ ਟਰੈਕਟਰਾਂ 'ਤੇ ਜਲੰਧਰ-ਪਠਾਨਕੋਟ ਜੀ. ਟੀ. ਰੋਡ 'ਤੇ ਚੋਲਾਂਗ ਟੋਲ ਪਲਾਜ਼ਾ ਟਾਂਡਾ ਅਤੇ ਹੁਸ਼ਿਆਰਪੁਰ-ਫਗਵਾੜਾ ਰੋਡ 'ਤੇ ਮੇਹਟੀਆਣਾ ਪਹੁੰਚੇ। ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਦਾ ਨਜ਼ਾਰਾ ਵੀ

(ਬਾਕੀ ਸਫ਼ਾ 2 ਕਾਲਮ 1)

BACHPAN
ਅੱਜ ਹੀ ਬਚਪਨ ਪਲੇਅ ਸਕੂਲ ਸ਼ੁਰੂ ਕਰੋ।
7290010866

ਕੇਨਰਾ ਬੈਂਕ Canara Bank
Together We Can
ਹੋਮ ਲੋਨ ਦੀ ਵਿਆਜ ਦਰ ਘਟਾਈ ਗਈ ਹੈ
ਲੋਨ ਦੀ ਰਕਮ ਦੀ ਪਰਵਾਹ ਕੀਤੇ ਬਿਨਾਂ
6.65% ਪ੍ਰਤੀ ਵਰ੍ਹਾ ਸੀਮਤ ਮਿਆਦ ਦੀ ਪੇਸ਼ਕਸ਼
ਔਨਲਾਈਨ ਅਰਜ਼ੀ ਦੇਣ ਲਈ ਸਕੈਨ ਕਰੋ ਅਤੇ ਤੁਰੰਤ ਪ੍ਰਵਾਨਗੀ ਪ੍ਰਾਪਤ ਕਰੋ • ਕੋਈ ਪ੍ਰੋਸੈਸਿੰਗ ਅਤੇ ਦਸਤਾਵੇਜ਼ੀ ਖਰਚੇ ਨਹੀਂ
Call Canara 1800 425 0018

8 ਗੁਣਕਾਰੀ ਆਯੁਰਵੈਦਿਕ ਤੇਲਾਂ ਤੋਂ ਬਣਿਆ
Dr. Juneja's ਡਾ. ਆਰਥੋ Ayurvedic Oil, Capsules, Spray & Ointment
WORLD'S GREATEST BRANDS 2015-16 IUA
SELECTED NO. 1 BRAND INDIA 2014
1 ਜਯੋਤੀਸ਼ਮਤੀ ਤੇਲ ਜੋੜਾਂ ਵਿਚ ਸੋਜ ਦੀ ਸਮੱਸਿਆ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ।
2 ਗੰਧਪੂਰਾ ਤੇਲ ਜੋੜਾਂ ਦੇ ਦਰਦ, ਮਾਸਪੇਸ਼ੀਆਂ ਦੇ ਦਰਦ ਅਤੇ ਗਠੀਆ ਵਿਚ ਸਹਾਇਕ।
3 ਨਿਰਗੁੰਡੀ ਤੇਲ ਨਸਾਂ ਦੇ ਦਰਦ ਅਤੇ ਜੋੜਾਂ ਦੇ ਦਰਦ ਵਿਚ ਫਾਇਦੇਮੰਦ ਹੈ।
4 ਤਾਰਪੀਨ ਤੇਲ ਜੋੜਾਂ ਵਿਚ ਸੋਜ ਅਤੇ ਦਰਦ ਦੇ ਲਈ ਸਭ ਤੋਂ ਵਧੀਆ ਵਿਕਲਪ ਹੈ।
5 ਪੁਦੀਨਾ ਤੇਲ ਪੁਰਾਣੇ ਜੋੜਾਂ ਦੇ ਦਰਦ ਦੀ ਸਥਿਤੀ ਵਿਚ ਵਧੇਰੇ ਫਾਇਦੇਮੰਦ ਹੈ।
6 ਕਪੂਰ ਤੇਲ ਵੱਖ-ਵੱਖ ਜੋੜਾਂ ਦੇ ਦਰਦ ਵਿਚ ਬਹੁਤ ਉਪਯੋਗੀ ਹੈ।
7 ਤਿਲ ਤੇਲ ਮਾਸਪੇਸ਼ੀਆਂ ਅਤੇ ਜੋੜਾਂ ਦੇ ਦਰਦ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ।
8 ਅਲਸੀ ਤੇਲ ਜੋੜਾਂ ਅਤੇ ਮਾਸਪੇਸ਼ੀਆਂ ਵਿਚ ਸੋਜ ਨੂੰ ਘੱਟ ਕਰਦਾ ਹੈ।
Helpful in Painful Conditions
Dr. Ortho Oil An Ayurvedic Proprietary Medicine 20% EXTRA 100ml+20ml Extra
BUY NOW
24x7 Helpline: 7876977777 | www.drorthooil.com
ਗੋਡੇ ਦਾ ਦਰਦ | ਕਮਰ ਦਾ ਦਰਦ | ਮੌਢੇ ਦਾ ਦਰਦ | ਗੁੱਟ ਦਾ ਦਰਦ
8 ਗੁਣਕਾਰੀ ਆਯੁਰਵੈਦਿਕ ਤੇਲਾਂ ਦੇ ਸੁਮੇਲ ਤੋਂ ਬਣਿਆ ਡਾ. ਆਰਥੋ ਤੇਲ ਅੰਦਰ ਤੱਕ ਸਮਾ ਕੇ ਦਰਦ ਨੂੰ ਜੜ੍ਹ ਤੋਂ ਘੱਟ ਕਰਨ ਵਿਚ ਸਹਾਇਤਾ ਕਰਦਾ ਹੈ। ਆਯੁਰਵੈਦਿਕ ਹੋਣ ਦੇ ਕਾਰਨ ਇਸ ਦਾ ਪ੍ਰਭਾਵ ਥੋੜ੍ਹੇ ਸਮੇਂ ਲਈ ਨਹੀਂ ਲੰਬੇ ਸਮੇਂ ਤੱਕ ਬਣਿਆ ਰਹਿੰਦਾ ਹੈ। ਮਿਲਦੇ-ਜੁਲਦੇ ਨਾਵਾਂ, ਇਸ਼ਤਿਹਾਰ ਤੋਂ ਸਾਵਧਾਨ